# ਸਾਕਾ ਨੀਲਾ ਤਾਰਾ ਸਬੰਧੀ ਪੂਰਾ ਸੱਚ ਸਾਹਮਣੇ ਲਿਆਉਣ ਦੀ ਲੋੜ

ਜਿਉਂ-ਜਿਉਂ ਸਮਾਂ ਲੰਘਦਾ ਜਾ ਰਿਹਾ ਹੈ, 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸ੍ਰੀ ਅਕਾਲ ਤਖ਼ਤ 'ਤੇ ਫ਼ੌਜ ਵੱਲੋਂ ਕੀਤੇ ਹਮਲੇ ਦੀ ਨਿੰਦਿਆ ਵੱਧਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਇਸ ਫ਼ੌਜੀ ਹਮਲੇ ਸਬੰਧੀ ਫ਼ੈਸਲੇ ਨੂੰ ਇਕ ਆਤਮਘਾਤੀ ਘਟਨਾ ਵੱਲੋਂ ਯਾਦ ਕੀਤਾ ਜਾ ਰਿਹਾ ਹੈ। ਭਾਰਤੀ ਪੱਤਰਕਾਰ ਅਤੇ ਲੇਖਕ ਸਮੇਂ-ਸਮੇਂ ਇਸ ਵਿਸ਼ੇ 'ਤੇ ਖੋਜ ਕਰਦੇ ਰਹੇ ਹਨ। ਪੁਰਾਣੀਆਂ ਘਟਨਾਵਾਂ ਸਬੰਧੀ ਵੀ ਖੋਜਾਂ ਕੀਤੀਆਂ ਗਈਆਂ ਹਨ। ਦੇਸ਼ ਦਾ ਬਟਵਾਰਾ 1947 ਵਿੱਚ ਹੋਇਆ ਸੀ, ਅੱਜ ਵੀ ਇਸ ਵਿਸ਼ੇ 'ਤੇ ਨਵੀਆਂ ਕਿਤਾਬਾਂ ਆ ਰਹੀਆਂ ਹਨ। ਦੂਜੀ ਵੱਡੀ ਜੰਗ 1944 ਵਿੱਚ ਖ਼ਤਮ ਹੋਈ ਜਰਮਨੀ ਦੇ ਡਿਕਟੇਟਰ ਹਿਟਲਰ ਨੇ ਇਹ ਜੰਗ ਆਰੰਭ ਕੀਤੀ। ਹੁਣ ਵੀ ਇਸ 'ਤੇ ਖੋਜ ਜਾਰੀ ਹੈ ਪਰ ਕਿਧਰੇ ਵੀ ਮੈਂ ਇਸ ਬਾਰੇ ਕੋਈ ਖੋਜ ਲੇਖ ਨਹੀਂ ਪੜ੍ਹਿਆ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਕਤ ਕੀ-ਕੀ ਵਿਚਾਰ ਹੋਏ ਤੇ ਕੌਣ-ਕੌਣ ਇਸ ਵਿੱਚ ਸ਼ਾਮਿਲ ਸੀ ? ਸ੍ਰੀਮਤੀ ਇੰਦਰਾ ਗਾਂਧੀ 'ਤੇ ਕਿਨ੍ਹਾਂ ਵਿਅਕਤੀਆਂ ਨੇ ਇਸ ਸਬੰਧੀ ਦਬਾਅ ਪਾਇਆ ? ਇਹ ਸਾਰਾ ਕੁਝ ਇਤਿਹਾਸ ਦੇ ਪੰਨਿਆਂ ਵਿਚ ਹਾਲ ਵੀ ਖਾਲੀ ਪਿਆ ਹੈ।

ਇਕ ਟੀ.ਵੀ. ਇੰਟਰਵਿਊ ਵਿੱਚ ਮੈਂ ਪ੍ਰਸਿੱਧ ਪੱਤਰਕਾਰ ਸ੍ਰੀ ਸ਼ੇਖਰ ਗੁਪਤਾ ਨੂੰ ਇਹ ਸੁਝਾਅ ਦਿੱਤਾ ਸੀ ਕਿ ਉਹ ਆਪ ਇਸ ਵਿਸ਼ੇ 'ਤੇ ਖੋਜ ਕਰਨ। ਸਿੱਖ ਸੰਸਥਾਵਾਂ ਵੀ ਇਸ 'ਤੇ ਚੁੱਪ ਧਾਰੀ ਬੈਠੀਆਂ ਹਨ। ਸਾਡੀਆਂ ਯੂਨੀਵਰਸਿਟੀਆਂ ਦੇ ਇਤਿਹਾਸ ਵਿਭਾਗ ਇਸ 'ਤੇ ਕੁਝ ਕਰਨ ਨੂੰ ਤਿਆਰ ਨਹੀਂ। ਸਿੱਖ ਬੁੱਧੀਜੀਵੀ ਮੀਟਿੰਗਾਂ ਤਾਂ ਬੜੀਆਂ ਕਰਦੇ ਹਨ ਪਰ ਇਸ ਇਤਿਹਾਸਕ ਮੁੱਦੇ ਬਾਰੇ ਕੋਈ ਉਪਰਾਲ ਕਰਨੋਂ ਅਸਮੱਰਥ ਹਨ। ਹਾਲਾਂ ਵੀ ਕੁਝ ਨਹੀਂ ਵਿਗੜਿਆ। ਇਸ ਇਤਿਹਾਸ ਦੇ ਕਈ ਪਾਤਰ ਜਿਊਂਦੇ ਹਨ। ਉਨ੍ਹਾਂ ਨੂੰ ਕਦੇ ਕਿਸੇ ਨੇ ਪੁੱਛ ਕੇ ਵਿਚਾਰ ਇਕੱਠੇ ਕਰਨ ਦਾ ਉਪਰਾਲਾ ਨਹੀਂ ਕੀਤਾ। ਇਸ ਦੁਖਾਂਤ ਦੀ ਮੁਖੀਆ ਸ੍ਰੀਮਤੀ ਇੰਦਰਾ ਗਾਂਧੀ ਨਹੀਂ ਰਹੀ। ਫ਼ੌਜ ਦੇ ਮੁਖੀ ਸ੍ਰੀ ਸੁੰਦਰ ਜੀ, ਜਿਨ੍ਹਾਂ ਨੇ ਇਸ ਸਾਰੇ ਹਮਲੇ ਦੀ ਵਿਉਂਤ ਬਣਾਈ ਸੀ, ਉਹ ਵੀ ਪਰਲੋਕ ਸਿਧਾਰ ਗਏ ਹਨ। ਜਨਰਲ ਵੈਦਯਾ, ਜੋ ਉਸ ਵਕਤ ਹਿੰਦੁਸਤਾਨੀ ਫ਼ੌਜਾਂ ਦੇ ਮੁਖੀ ਸਨ, ਦਾ ਸਿੱਖ ਖਾੜਕੂਆਂ ਨੇ ਕਤਲ ਕਰ ਦਿੱਤਾ ਸੀ। ਸ੍ਰੀਮਤੀ ਇੰਦਰਾ ਗਾਂਧੀ ਦੇ ਮੁੱਖ ਸਲਾਹਕਾਰ, ਨੇੜੇ ਦੇ ਮੰਤਰੀ, ਉਨ੍ਹਾਂ ਦੇ ਦਫ਼ਤਰ ਦੇ ਸਹਿਯੋਗੀ ਸਾਰੇ ਜਿਊਂਦੇ ਹਨ ਅਤੇ ਇਹ ਸਾਰੇ ਭੇਦ ਉਨ੍ਹਾਂ ਕੋਲ ਹਨ।

ਜਦੋਂ ਇਹ ਹਮਲਾ ਹੋਇਆ ਤਾਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਸਨ ਤੇ ਮੈਂ ਉਨ੍ਹਾਂ ਦੇ ਦਫ਼ਤਰ ਵਿਚ ਪ੍ਰੈੱਸ ਸਕੱਤਰ ਵਜੋਂ ਕੰਮ ਕਰਦਾ ਸੀ। ਭਾਰਤੀ ਵਿਧਾਨ ਅਨੁਸਾਰ ਰਾਸ਼ਟਰਪਤੀ ਫ਼ੌਜਾਂ ਦਾ ਸੁਪਰੀਮ ਕਮਾਂਡਰ ਹੁੰਦਾ ਹੈ। ਆਪ ਲੋਕਾਂ ਵਿੱਚ ਗਿਆਨੀ ਜੀ ਵਿਰੁੱਧ ਇਕ ਬੜਾ ਨਫ਼ਰਤ ਭਰਿਆ ਜਜ਼ਬਾ ਉੱਠਿਆ ਸੀ ਕਿ ਉਨ੍ਹਾਂ ਨੇ ਇਹ ਹਮਲਾ ਕਿਉਂ ਨਾ ਰੋਕਿਆ। ਇਹ ਗੱਲ ਸਾਧਾਰਨ ਹੈ ਕਿ ਸਭ ਤੋਂ ਵੱਡੀ ਪਦਵੀ 'ਤੇ ਸਿੱਖ ਬੈਠਿਆ ਹੋਵੇ ਤੇ ਫਿਰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਢਾਹ ਦਿੱਤਾ ਜਾਵੇ ਪਰ ਇਸ ਬਾਰੇ ਜੋ ਅਸਲ ਸਥਿਤੀ ਹੈ, ਉਹ ਮੈਂ ਪਾਠਕਾਂ ਸਾਹਮਣੇ ਰੱਖਣਾ ਚਾਹੁੰਦਾ ਹਾਂ ਤਾਂ ਜੋ ਇਹ ਰਿਕਾਰਡ ਵਿਚ ਹੋਵੇ। ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬ ਮਸਲੇ ਖਾਸ ਕਰਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਬੰਧੀ ਗਿਆਨੀ ਜੀ ਨਾਲ ਕਦੇ ਕੋਈ ਸਲਾਹ ਨਹੀਂ ਸੀ ਕੀਤੀ। ਉਸ ਨੂੰ ਵਿਸ਼ਵਾਸ ਹੋ ਚੁੱਕਾ ਸੀ ਕਿ ਗਿਆਨੀ ਜੀ ਇਸ ਮਸਲੇ ਦਾ ਕੋਈ ਹੱਲ ਨਹੀਂ ਕਰ ਸਕਦੇ। ਪੰਜਾਬ ਕਾਂਗਰਸ ਵਿੱਚ ਗਿਆਨੀ ਜੀ ਦੇ ਵਿਰੋਧੀਆਂ ਨੇ ਤਾਂ ਇੱਥੋਂ ਤੱਕ ਸ੍ਰੀਮਤੀ ਗਾਂਧੀ ਜੀ ਦੇ ਕੰਨ ਭਰੇ ਸਨ ਕਿ ਗਿਆਨੀ ਜੀ ਦੀ ਸੰਤ ਭਿੰਡਰਾਂਵਾਲੇ ਨਾਲ ਕੋਈ ਅੰਦਰੂਨੀ ਸਾਂਝ ਸੀ। ਸ੍ਰੀਮਤੀ ਗਾਂਧੀ ਨੇ ਦਰਬਾਰ ਸਾਹਿਬ 'ਤੇ ਕੀ ਕਰਨਾ ਹੈ, ਇਸ ਬਾਰੇ ਗੁਪਤ ਸਲਾਹਾਂ ਕੀਤੀਆਂ। ਉਸ ਵਿਚ ਜੋ ਵੀ ਹੋਇਆ, ਉਸ ਬਾਰੇ ਉਸ ਨੇ ਰਾਸ਼ਟਰਪਤੀ ਨਾਲ ਕਦੇ ਵੀ ਕੋਈ ਸਲਾਹ ਨਹੀਂ ਕੀਤੀ। ਜਦੋਂ ਫ਼ੌਜ ਦੀ ਹਿਲ-ਜੁਲ ਹੋਈ, ਉਸ ਵਕਤ ਅੰਮ੍ਰਿਤਸਰ ਵਿਚ ਸ੍ਰੀ ਗੁਰਦੇਵ ਸਿੰਘ ਸਿੱਧੂ (ਫਰੀਦਾਕੋਟ ਵਾਲੇ) ਪਿਡਟੀ ਕਮਿਸ਼ਨਰ ਸਨ। ਉਹ ਮੈਨੂੰ ਟੈਲੀਫੋਨ 'ਤੇ ਦੱਸਦੇ ਰਹਿੰਦੇ ਸਨ ਕਿ ਪੁਲਿਸ ਤੇ ਫ਼ੌਜ ਕੀ ਕਰ ਰਹੀ ਹੈ, ਜੋ ਮੈਂ ਗਿਆਨੀ ਜੀ ਨੂੰ ਦੱਸ ਦਿੰਦਾ ਸੀ। 5 ਜੂਨ ਨੂੰ ਸ੍ਰੀ ਗੁਰਦੇਵ ਸਿੰਘ ਸਿੱਧੂ ਨੇ ਮੈਨੂੰ ਦੱਸਿਆ ਕਿ ਦਰਬਾਰ ਸਾਹਿਬ ਨੂੰ ਫ਼ੌਜ ਨੇ ਘੇਰ ਲਿਆ ਹੈ ਤੇ ਕਿਸੇ ਵਕਤ ਵੀ ਉਹ ਹਮਲਾ ਕਰ ਸਕਦੇ ਹਨ। ਸ੍ਰੀ ਗੁਰਦੇਵ ਸਿੰਘ ਸਿੱਧੂ ਨੂੰ ਦਾਦ ਦੇਣੀ ਚਾਹੀਦੀ ਹੈ ਕਿ ਉਸੇ ਦਿਨ ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਲਿਖ ਦਿੱਤਾ ਕਿ ਉਹ ਛੁੱਟੀ 'ਤੇ ਜਾ ਰਚਹੇ ਹਨ ਤੇ ਉਹ ਅੰਮ੍ਰਿਤਸਰ ਵਿੱਚ ਨਹੀਂ ਰਹਿ ਸਕਦੇ, ਕਿਉਂ ਜੋ ਦਰਬਾਰ ਸਾਹਿਬ 'ਤੇ ਫ਼ੌਜ ਹਮਲਾ ਕਰਨ ਵਾਲੀ ਹੈ।

ਉਨ੍ਹਾਂ ਪਿੱਛੋਂ ਸ੍ਰੀ ਰਮੇਸ਼ ਇੰਦਰ ਸਿੰਘ ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਲਗਾਇਆ ਗਿਆ। ਮੈਂ ਜਦੋਂ ਗਿਆਨੀ ਜੀ ਨੂੰ
ਇਹ ਦੱਸਿਆ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ ਸ਼ਾਇਦ ਫ਼ੌਜ ਸੰਤ ਭਿੰਡਰਾਂਵਾਲੇ 'ਤੇ ਦਬਾਅ ਪਾਉਣਾ ਚਾਹੁੰਦੀ ਹੈ ਕਿ ਉਹ ਅੰਦਰੋਂ ਬਾਹਰ ਆ ਕੇ ਪੁਲਿਸ ਦੇ ਹਵਾਲੇ ਹੋ ਜਾਵੇ। ਗਿਆਨੀ ਜੀ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਫ਼ੌਜ ਅੰਦਰ ਦਾਖ਼ਲ ਹੋ ਜਾਵੇਗੀ। ਉਸ ਸ਼ਾਮ ਟੀ.ਵੀ. ਅਤੇ ਰੇਡੀਓ 'ਤੇ ਇੰਦਰਾ ਗਾਂਧੀ ਨੇ ਸੰਦੇਸ਼ ਦਿੱਤਾ ਕਿ ਉਸ ਕੋਲ ਹੋਰ ਕੋਈ ਚਾਰਾ ਨਹੀਂ ਤੇ ਇਹ ਐਕਸ਼ਨ ਕੀਤਾ ਜਾ ਰਿਹਾ ਹੈ। ਗਿਆਨੀ ਜੀ ਨੇ ਟੀ.ਵੀ. ਅਤੇ ਰੇਡੀਓ ਰਾਹੀਂ ਇਹ ਗੱਲ ਸੁਣੀ ਪਰ ਉਨ੍ਹਾਂ ਨਾਲ ਸਰਕਾਰ ਵੱਲੋਂ ਕੋਈ ਸੰਪਰਕ ਨਹੀਂ ਕੀਤਾ ਗਿਆ।

ਫ਼ੌਜ ਦੇ ਐਕਸ਼ਨ ਕਾਰਨ ਅਤੇ ਟੈਂਕਾਂ ਦੇ ਦਰਬਾਰ ਸਾਹਿਬ ਪਰਿਕਰਮਾਂ ਵਿੱਚ ਜਾਣ ਕਰਕੇ ਅਕਾਲ ਤਖ਼ਤ ਵਿੱਚ ਜੋ ਸਿੰਘ ਲੜ ਰਹੇ ਸਨ, ਉਨ੍ਹਾਂ 'ਤੇ ਪੁਲਿਸ ਤੇ ਫ਼ੌਜ ਨੇ ਕਾਬੂ ਪਾਇਆ। ਜੇ ਟੈਂਕ ਅੰਦਰ ਨਾ ਜਾਂਦੇ ਤਾਂ ਸ਼ਾਇਦ ਫ਼ੌਜ ਨੂੰ ਇਹ ਜਿੱਤ ਹਾਸਲ ਨਹੀਂ ਸੀ ਹੋਣੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ 6 ਜੂਨ ਰਾਤ ਨੂੰ ਅਕਾਲ ਤਖ਼ਤ ਦੇ ਅੰਦਰ ਹੀ ਸ਼ਹੀਦ ਹੋਏ ਅਤੇ ਉਨ੍ਹਾਂ ਨਾਲ ਜਨਰਲ ਸੁਬੇਗ ਸਿੰਘ ਅਤੇ ਸ੍ਰੀ ਅਮਰੀਕ ਸਿੰਘ ਵੀ ਸ਼ਹਾਦਤ ਪਾ ਗਏ। ਇਨ੍ਹਾਂ ਤਿੰਨਾਂ ਦੀ ਸ਼ਨਾਖ਼ਤ ਫ਼ੌਜ ਨੇ ਪੰਜਾਬ ਪੁਲਿਸ ਤੋਂ ਕਰਵਾਈ। ਸ੍ਰ: ਹਰਜੀਤ ਸਿੰਘ ਉਸ ਵਕਤ ਅੰਮ੍ਰਿਤਸਰ ਸ਼ਹਿਰ ਪੁਲਿਸ ਦੇ ਇੰਚਾਰਜ ਸਨ ਤੇ ਉਨ੍ਹਾਂ ਨੇ ਮੈਨੂੰ ਆਪ ਦੱਸਿਆ ਕਿ ਸੰਤ ਜੀ ਦੀ ਦੇਹ ਦੇ ਸਸਕਾਰ ਤੋਂ ਪਹਿਲਾਂ ਇਸ਼ਨਾਨ ਕਰਵਾਇਆ ਗਿਆ ਅਤੇ ਉਨ੍ਹਾਂ ਦਾ ਸਸਕਾਰ ਸ਼ਹੀਦਾਂ ਵਾਲੇ ਗੁਰਦੁਆਰੇ ਦੇ ਸਾਹਮਣੇ ਸ਼ਮਸ਼ਾਨ ਘਾਟ ਵਿਚ ਕੀਤਾ ਗਿਆ। ਬਾਕੀ ਸੈਂਕੜੇ ਸਿੰਘਾਂ ਦਾ ਸਸਕਾਰ ਇਕੱਠਾ ਕੀਤਾ ਗਿਆ ਪਰ ਸੰਤ ਭਿੰਡਰਾਂਵਾਲੇ ਅਤੇ ਜਨਰਲ ਸੁਬੇਗ ਸਿੰਘ ਦਾ ਸਸਕਾਰ ਵੱਖਰੇ ਤੌਰ 'ਤੇ ਕੀਤਾ ਗਿਆ।

ਦਰਬਾਰ ਸਾਹਿਬ ਅੰਦਰ ਸ਼੍ਰੋਮਣੀ ਕਮੇਟੀ ਦੇ ਜਿੰਨੇ ਅਧਿਕਾਰੀ ਡਿਊਟੀ 'ਤੇ ਸਨ, ਉਹ ਉੱਥੋਂ ਨਿਕਲ ਗਏ ਅਤੇ ਕੇਵਲ ਉਸ ਵਕਤ ਦੇ ਗ੍ਰੰਥੀ ਗਿਆਨੀ ਪੂਰਨ ਸਿੰਘ ਹੀ ਅੰਦਰ ਰਹੇ। 48 ਘੰਟੇ ਗਿਆਨੀ ਪੂਰਨ ਸਿੰਘ ਇਕੱਲੇ ਦਰਬਾਰ ਸਾਹਿਬ ਦੇ ਅੰਦਰ ਰਹੇ ਅਤੇ 8 ਜੂਨ ਸਵੇਰੇ ਜਦੋਂ ਗਿਆਨੀ ਜ਼ੈਲ ਸਿੰਘ ਆਪ ਸਾਰੇ ਹਾਲਾਤ ਵੇਖਣ ਲਈ ਦਰਬਾਰ ਸਾਹਿਬ ਗਏ, ਉੱਥੇ ਉਨ੍ਹਾਂ ਨੂੰ ਮਿਲੇ। ਗਿਆਨੀ ਪੂਰਨ ਸਿੰਘ ਨੇ ਬੜੀ ਦਲੇਰੀ ਨਾਲ ਫ਼ੌਜ ਅਤੇ ਸਰਕਾਰ ਦੇ ਖਿਲਾਫ਼ ਬਿਆਨ ਦਿੱਤਾ ਅਤੇ ਦਰਬਾਰ ਸਾਹਿਬ ਅੰਦਰ ਜੋ ਵਾਪਰਿਆ ਉਹ ਸਹੀ ਰੂਪ ਵਿੱਚ ਵਰਨਣ ਕੀਤਾ।

ਇਸ ਦੁਖਦਾਈ ਘਟਨਾ ਵਿੱਚ ਜੋ ਵਾਪਰਿਆ, ਕਿੰਨੇ ਮਰੇ, ਕਿੰਨੇ ਪਕੜੇ ਗਏ, ਕਿੰਨੇ ਫ਼ੌਜ ਦੇ ਸਿਪਾਹੀ ਮਰੇ, ਇਸ ਬਾਰੇ ਅਖ਼ਬਾਰਾਂ ਵਿੱਚ ਮਜ਼ਮੂਨ ਵੀ ਆਏ ਤੇ ਕੁਝ ਕਿਤਾਬਾਂ ਵੀ ਲਿਖੀਆਂ ਗਈਆਂ ਹਨ। ਹੁਣ ਵੀ ਇਹ ਲੋੜ ਹੈ ਕਿ ਇਸ ਵਿਸ਼ੇ 'ਤੇ ਕੋਈ ਨਿਰਪੱਖ ਤੇ ਉੱਚ ਕੋਟੀ ਦੀ ਕਿਤਾਬ ਲਿਖੇ ਤਾਂ ਜੋ ਸਹੀ ਤੇ ਸੱਚੀ ਤਸਵੀਰ ਇਤਿਹਾਸ ਦੇ ਸਾਹਮਣੇ ਆਵੇ। ਜਨਰਲ ਡੀ.ਐੱਸ.ਬਰਾੜ ਜੋ ਫ਼ੌਜੀ ਹਮਲੇ ਵਾਲੀ ਟੀਮ ਦੇ ਤੀਜੇ ਮੁਖੀ ਸਨ, ਨੇ ਵੀ ਕਿਤਾਬ ਲਿਖੀ। ਗਿਆਨੀ ਕ੍ਰਿਪਾਲ ਸਿੰਘ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵੀ ਕਿਤਾਬ ਲਿਖੀ ਪਰ ਮੇਰੇ ਖਿਆਲ ਵਿੱਚ ਇਸ ਤੋਂ ਵਧੇਰੇ ਕੁਝ ਲੱਭ ਕੇ ਲਿਖਣ ਦੀ ਲੋੜ ਹੈ। ਮੇਰੀ ਇਤਲਾਹ ਹੈ ਕਿ ਜੋ ਸਿੱਖ ਨੌਜਵਾਨ ਅਤੇ ਖਾੜਕੂ 7 ਜੂਨ ਨੂੰ ਦਰਬਾਰ ਸਾਹਿਬ ਵਿੱਚੋਂ ਪਕੜੇ ਗਏ, ਉਨ੍ਹਾਂ ਸਾਰਿਆਂ ਨੂੰ ਅੰਮ੍ਰਿਤਸਰ ਛਾਉਣੀ ਵਿੱਚ ਰੱਖਿਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਰੱਖਿਆ ਗਿਆ ਸੀ, ਉਸ ਥਾਂ ਦਾ ਨਾਂਅ ਦੁਸ਼ਮਣ ਦਾ ਟਿਕਾਣਾ ਰੱਖਿਆ ਗਿਆ ਸੀ। ਉਸ ਕੈਂਪ ਵਿੱਚੋਂ ਕਈ ਖਾੜਕੂਟਾਂ ਨੂੰ ਬਾਹਰ ਲਿਜਾ ਕੇ ਇਹ ਕਹਿ ਕੇ ਗੋਲੀ ਨਾਲ ਮਾਰ ਦਿੱਤਾ ਗਿਆ ਕਿ ਉਹ ਕੈਂਪ ਵਿੱਚੋਂ ਦੌੜਨ ਦੀ ਕੋਸ਼ਿਸ਼ ਕਰ ਰਹੇ ਸਨ। ਇਹ ਬਹੁਤ ਵੱਡਾ ਜ਼ੁਲਮ ਹੈ ਅਤੇ ਇਸ ਦੀ ਪੂਰੀ ਪੜਤਾਲ ਕਰਨ ਦੀ ਵੀ ਲੋੜ ਹੈ। ਕਈ ਨਿਹੱਥੇ ਬੇਦੋਸ਼ੇ ਉਦੋਂ ਫੜ ਕੇ ਮਾਰੇ ਗਏ। ਮੈਂ ਉਨ੍ਹਾਂ ਦਿਨਾਂ ਵਿੱਚ ਕਈ ਲੀਡਰਾਂ, ਮੰਤਰੀਆਂ, ਸੰਤਾਂ ਮਹਾਤਮਾ ਅਤੇ ਜਥੇਦਾਰ ਸਾਹਿਬਾਨ ਨੂੰ ਮਿਲਿਆ ਤੇ ਜੋ ਜਾਣਕਾਰੀ ਮੈਂ ਪ੍ਰਾਪਤ ਕੀਤੀ ਉਹ ਪਾਠਕਾਂ ਦੇ ਸਾਹਮਣੇ ਲਿਖਦਾ ਰਿਹਾ ਹਾਂ ਅਤੇ ਹੋਰ ਵੀ ਲਿਖਾਂਗਾ।

-ਸਾਬਕਾ ਚੇਅਰਮੈਨ, ਕੌਮੀ ਘੱਟ-ਗਿਣਤੀ ਕਮਿਸ਼ਨ।